ਨਿਊਜ਼ ਰਿਲੀਜ਼

# ਕਮਿਊਨਿਟੀ ਜਸਟਿਸ ‘ਚ ਵਰਣਨਯੋਗ ਯਤਨਾਂ ਨੂੰ ਨਾਮਜ਼ਦ ਕਰੋ

19 ਜਨਵਰੀ 2023

## ਐਲਬਰਟਾ ਨਿਵਾਸੀਆਂ ਨੂੰ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਨਾਮਜ਼ਦ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਜਿੰਨ੍ਹਾਂ ਨੇ ਕਮਿਊਮਿਟੀਆਂ ਨੂੰ ਵਧੇਰੇ ਸੁਰੱਖਿਅਤ ਬਣਾਇਆ ਹੈ।

ਹਰੇਕ ਸਾਲ ਐਲਬਰਟਾ ਸਰਕਾਰ ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਾਂ ਰਾਹੀਂ ਉਨ੍ਹਾਂ ਕਮਿਊਨਿਟੀ ਪੱਧਰ ਦੀ ਲੀਡਰਸ਼ਿੱਪ ਅਤੇ ਯਤਨਾਂ ਨੂੰ ਮਾਨਤਾ ਦਿੰਦੀ ਹੈ ਜਿੰਨ੍ਹਾਂ ਨੇ ਸਰਗਰਮ ਰੂਪ ‘ਚ ਜ਼ੁਰਮ ਨੂੰ ਰੋਕਿਆ ਅਤੇ ਸਾਡੀਆਂ ਕਮਿਊਨਿਟੀਆਂ ਨੂੰ ਸੁਰੱਖਿਅਤ ਕੀਤਾ। 2023 ਦੇ ਇਨਾਮਾਂ ਵਾਸਤੇ ਨਾਮਜ਼ਦਗੀਆਂ ਹੁਣ ਖੁੱਲ੍ਹੀਆਂ ਹਨ।

“ਸਹੀ ਰੂਪ ‘ਚ ਜ਼ੁਰਮ ਦੀ ਅਸਰਦਾਰ ਰੋਕਥਾਮ ਸਾਰੇ ਪੱਧਰਾਂ ‘ਤੇ ਵਾਪਰਦੀ ਹੈ, ਕਾਨੂੰਨ ਲਾਗੂ ਕਰਨ ਤੋਂ ਲੈਕੇ ਤੁਹਾਡੀ ਕਮਿਊਨਿਟੀ ‘ਚ ਤੁਹਾਡੇ ਗੁਆਂਢੀਆਂ ਤੱਕ। ਇਨ੍ਹਾਂ ਇਨਾਮਾਂ ਰਾਹੀਂ, ਐਲਬਰਟਾ ਸਰਕਾਰ, ਉਨ੍ਹਾਂ ਕਮਿਊਨਿਟੀ ਮੈਂਬਰਾਂ ਦਾ ਸਨਮਾਨ ਅਤੇ ਧੰਨਵਾਦ ਕਰਦੀ ਹੈ ਜਿਹੜੇ ਆਪਣੇ ਸਾਥੀ ਐਲਬਰਟਾ ਨਿਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਅਣਥੱਕ ਢੰਗ ਨਾਲ ਕੰਮ ਕਰਦੇ ਹਨ।”

*Tyler Shandro, ਮਿਨਿਸਟਰ ਆਫ ਜਸਟਿਸ ਐਂਡ ਸੋਲਿਸਟਰ ਜਰਨਲ*

ਨਾਮਜ਼ਦਾਂ ‘ਚ ਸ਼ਾਮਲ ਹੋ ਸਕਦੇ ਹਨ ਯੂਥ ਜਸਟਿਸ ਕਮੇਟੀਆਂ, ਰੈਸਟੋਰੇਟਿਵ ਜਸਟਿਸ ਪ੍ਰੋਗਰਾਮ, ਵਿਕਟਿਮ ਸਰਵਿਸਿਜ਼ ਗਰੁੱਪ, ਪੁਲਿਸ ਅਫਸਰ ਜਾਂ ਲੋਕ ਜਿੰਨ੍ਹਾਂ ਨੇ ਕਮਿਊਨਿਟੀ ਜਸਟਿਸ ‘ਚ ਵਿਲੱਖਣ ਯੋਗਦਾਨ ਪਾਏ ਹਨ।

ਐਲਬਰਟਾ ਨਿਵਾਸੀ ਚਾਰ  ਸ਼੍ਰੇਣੀਆਂ ‘ਚ ਇਨਾਮ ਨਾਮਜ਼ਦਗੀਆਂ ਭੇਜ ਸਕਦੇ ਹਨ:

- ਉੱਭਰਦੀ ਉੱਤਮਤਾ (Emerging Excellence)
- ਨਵੀਨਤਾ (Innovation)
- ਸੇਵਾਵਾਂ ਨੂੰ ਬੜ੍ਹਾਵਾ (Service Enhancement)

Classification: Public

- ਭਾਈਵਾਲੀ ਅਤੇ ਸਹਿਯੋਗ (Partnership and Collaboration)

ਐਲਬਰਟਾ ਨਿਵਾਸੀ ਜੋ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਨਾਮਜ਼ਦ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ 10 ਫਰਵਰੀ ਨੂੰ ਦੁਪਹਿਰ ਤੱਕ ਨਾਮਜ਼ਦਗੀ ਜਮ੍ਹਾਂ ਕਰਾਉਣੀ ਚਾਹੀਦੀ ਹੈ।

## ਸਬੰਧਤ ਜਾਣਕਾਰੀ

- ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਜ਼
- ਨਾਮਜ਼ਦਗੀ ਫਾਰਮ: ਐਲਬਰਟਾ ਕਮਿਊਨਿਟੀ ਜਸਟਿਸ ਐਵਾਰਡਜ਼